# ਅਕਸਰ ਪੁੱਛੇ ਜਾਣ ਵਾਲੇ ਸਵਾਲ

**ਕਮਿਸ਼ਨ ਨੂੰ ਪੱਖਪਾਤ ਦੀ ਕਾਰਵਾਈ ਦੀ ਰਿਪੋਰਟ ਕਰਨ ਸਮੇਂ ਮੈਨੂੰ ਕਿਹੜੇ ਸਬੂਤ ਪੇਸ਼ ਕਰਨ ਦੀ ਲੋੜ ਹੁੰਦੀ ਹੈ?**

ਸਾਨੂੰ ਕੇਵਲ ਤੁਹਾਡੇ ਤੋਂ ਤੁਹਾਡੇ ਅਨੁਭਵ ਬਾਰੇ ਸੁਣਨ ਦੀ ਲੋੜ ਹੁੰਦੀ ਹੈ। ਬੱਸ ਕਮਿਸ਼ਨ ਨੂੰ ਕਾਲ ਕਰੋ ਅਤੇ ਸਾਨੂੰ ਦੱਸੋ ਕਿ ਕੀ ਹੋਇਆ ਸੀ।

**ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਲਈ ਕੌਣ ਜ਼ੁੰਮੇਵਾਰ ਹੋ ਸਕਦਾ ਹੈ?**

ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਦੇ ਕੰਮਾਂ ਨੂੰ ਕਰਨ ਲਈ ਹਰ ਕੋਈ ਵਰਜਿਤ ਹੈ। ਇਸ ਦਾ ਮਤਲਬ ਹੈ ਕਿ ਤੁਸੀਂ ਉਸ ਕਿਸੇ ਵਿਅਕਤੀ ਦੁਆਰਾ ਪੱਖਪਾਤ ਦੇ ਕੰਮ ਦੀ ਰਿਪੋਰਟ ਕਰ ਸਕਦੇ ਹੋ ਜਿਸ ਨੇ ਤੁਹਾਡੇ ਉੱਪਰ ਸੜਕ ਤੇ ਹਮਲਾ ਕੀਤਾ ਹੈ, ਕੋਈ ਗੁਆਂਢੀ ਜੋ ਤੁਹਾਨੂੰ ਪਰੇਸ਼ਾਨ ਕਰਦਾ ਹੈ, ਜਾਂ ਬੱਸ ਵਿੱਚ ਸਹਿ-ਯਾਤਰੀ, ਉਸ ਵਿਅਕਤੀ ਨਾਲ ਤੁਹਾਡੇ ਰਿਸ਼ਤੇ ਦੀ ਪਰਵਾਹ ਕੀਤੇ ਬਿਨਾਂ।

**ਕੀ ਘਿਰਨਾਯੋਗ ਗ੍ਰਾਫਿਟੀ (ਕੰਧਾਂ ਤੇ ਗੰਦੀਆਂ ਤਸਵੀਰਾਂ) ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨਾ ਹੈ?**

ਘਿਰਨਾਯੋਗ ਗ੍ਰਾਫਿਟੀ (ਕੰਧਾਂ ਤੇ ਗੰਦੀਆਂ ਤਸਵੀਰਾਂ) ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨਾ ਹੋ ਸਕਦਾ ਹੈ ਜੇ ਇਹ ਕਿਸੇ ਵਿਅਕਤੀ ਦੇ ਅਧਿਕਾਰਾਂ ਵਿੱਚ ਵਿਘਨ ਪਾਉਂਦੀ ਹੈ, ਜਿਵੇਂ ਕਿ, ਕਿਸੇ ਪਾਰਕ ਜਾਂ ਸਕੂਲ ਵਿੱਚ ਪ੍ਰਵੇਸ਼ ਕਰਨਾ।

**ਮੈਨੂੰ ਕਮਿਸ਼ਨ ਨੂੰ ਪੱਖਪਾਤੀ ਕਾਰਵਾਈਆਂ ਦੀ ਰਿਪੋਰਟ ਕਿਉਂ ਕਰਨੀ ਚਾਹੀਦੀ ਹੈ?**

ਕਮਿਸ਼ਨ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਦੁਬਾਰਾ ਹੋਣ ਤੋਂ ਰੋਕਣ ਲਈ ਤੁਹਾਡੇ ਨਾਲ ਅਤੇ ਤਹਾਡੇ ਇਲਾਕੇ ਦੇ ਭਾਈਚਾਰਕ ਮੈਂਬਰਾਂ ਨਾਲ ਕੰਮ ਕਰ ਸਕਦਾ ਹੈ। ਤੁਸੀਂ ਗੁਮਨਾਮ ਰਿਪੋਰਟ ਵੀ ਕਰ ਸਕਦੇ ਹੋ। ਕਮਿਸ਼ਨ ਯੂ-ਵੀਜ਼ਾ ਪ੍ਰਮਾਣੀਕਰਨਾਂ ਲਈ ਬੇਨਤੀਆਂ ਅਤੇ ਵਿਅਕਤੀਆਂ ਲਈ ਟੀ-ਵਿਜ਼ਾ ਦੇ ਸਮਰਥਨ ਵਿਚਲੇ ਬਿਆਨਾਂ ਤੇ ਵੀ ਵਿਚਾਰ ਕਰੇਗਾ ਜਿਨ੍ਹਾਂ ਕੋਲ ਉਹ ਜਾਣਕਾਰੀ ਹੈ ਜੋ ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਦੇ ਦਾਅਵੇ ਦੀ ਜਾਂਚ ਕਰਨ ਵਿੱਚ ਉਪਯੋਗੀ ਹੋਵੇਗੀ।

**ਦੋਸ਼ੀ ਦੇ ਖਿਲਾਫ ਕਮਿਸ਼ਨ ਕਿਸ ਤਰ੍ਹਾਂ ਦੀਆਂ ਯੁਕਤੀਆਂ ਵਰਤ ਸਕਦਾ ਹੈ?**

ਜਦੋਂ ਤੁਸੀਂ ਕਿਸੇ ਦੋਸ਼ੀ ਦੇ ਖਿਲਾਫ ਬਿਆਨ ਦਿੰਦੇ ਹੋ, ਜੇ ਬਿਆਨ ਸੱਚਾ ਹੁੰਦਾ ਹੈ, ਤਾਂ ਕਮਿਸ਼ਨ ਇਹ ਮੰਗ ਕਰਦਨ ਦਾ ਆਦੇਸ਼ ਲੈ ਸਕਦਾ ਹੈ ਕਿ ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਨੂੰ ਬੰਦ ਕੀਤਾ ਜਾਵੇ। ਕਮਿਸ਼ਨ ਪਰੇਸ਼ਾਨ ਕਰਨ ਵਾਲੇ ਨੂੰ ਭਾਵਾਤਮਕ ਨੁਕਸਾਨ ਅਤੇ ਕਨੂੰਨੀ ਜ਼ੁਰਮਾਨਿਆਂ ਅਤੇ ਫੁਟਕਲ ਖਰਚਿਆਂ ਦੇ ਮੁਆਵਜ਼ੇ ਦੇਣ ਲਈ ਆਦੇਸ਼ ਦੇ ਸਕਦਾ ਹੈ।

## ਐਨਵਾਈਸੀ ਵਿੱਚ ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ ਹੈ

ਕਿਰਪਾ ਕਰਕੇ 311 ਤੇ ਕਾਲ ਕਰੋ ਅਤੇ ਹਿਊਮਨ ਰਾਈਟਸ ਤੇ ਐਨਵਾਈਸੀ ਕਮਿਸ਼ਨ (NYC Commission on Human Rights)ਲਈ ਪੁੱਛੋ ਜੇ ਕੋਈ ਵਿਅਕਤੀ ਤੁਹਾਡੀ ਸੁਰੱਖਿਅਤ ਸਥਿਤੀ ਕਾਰਨ ਤੁਹਾਨੂੰ ਧਮਕਾਉਂਦਾ, ਪਰੇਸ਼ਾਨ ਕਰਦਾ ਜਾਂ ਡਰਾਉਂਦਾ ਹੈ, ਜਾਂ ਹਿੰਸਾ ਕਰਦਾ ਹੈ ਜਾਂ ਤੁਹਾਡੇ ਨਾਲ ਜ਼ਬਰਦਸਤੀ ਕਰਦਾ ਹੈ, ਜਿਵੇਂ ਕਿ ਨਸਲ, ਰੰਗ, ਧਰਮ/ਸੰਪ੍ਰਦਾਇ, ਰਾਸ਼ਟਰੀ ਮੂਲ, ਲਿੰਗ, ਲਿੰਗ ਭੇਦ, ਅਪੰਗਤਾ, ਲਿੰਗਕ ਰੁਝਾਨ, ਇਮੀਗ੍ਰੇਸ਼ਨ ਸਥਿਤੀ, ਜਾਂ ਹੋਰ ਸੁਰੱਖਿਅਤ ਸਥਿਤੀ।

ਇਹ ਕਾਰਵਾਈਆਂ ਐਨਵਾਈਸੀ ਹਿਊਮਨ ਰਾਈਟਸ ਕਨੂੰਨ (NYC Human Rights Law) ਦੁਆਰਾ ਵਰਜਿਤ ਹਨ।

@NYCCHR

NYC.gov/HumanRights



# ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨਾ

ਆਪਣੀ ਨਸਲ ਜਾਂ ਧਰਮ ਕਾਰਨ ਗੁਆਂਢ ਵਿੱਚ ਤੁਹਾਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ?
ਪਰੇਸ਼ਾਨ ਕੀਤਾ ਜਾਂਦਾ ਹੈ ਕਿਉਂਕਿ ਤੁਸੀਂ ਵਿਪਰੀਤਲਿੰਗੀ ਹੋ?
ਤੁਹਾਡੇ ਤੇ ਚੀਕਿਆ ਜਾਂਦਾ ਹੈ ਕਿਉਂਕਿ ਤੁਸੀਂ ਆਪਣੇ ਪਰਿਵਾਰ ਨਾਲ ਵਿਦੇਸ਼ੀ ਭਾਸ਼ਾ ਵਿੱਚ ਗੱਲ ਕਰਦੇ ਹੋ?

**ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਵਿੱਚ** ਧਮਕਾਉਣਾ, ਡਰਾਉਣਾ, ਪਰੇਸ਼ਾਨ ਕਰਨਾ, ਜ਼ਬਰਦਸਤੀ ਕਰਨਾ ਜਾਂ ਹਿੰਸਾ ਸ਼ਾਮਲ ਹੈ ਜੋ:

1. ਕਿਸੇ ਵਿਅਕਤੀ ਦੇ ਨਾਗਰਿਕ ਜਾਂ ਸੰਵਿਧਾਨਿਕ ਅਧਿਕਾਰਾਂ ਵਿੱਚ ਦਖਲ ਦਿੰਦੀ ਹੈ; ਅਤੇ
2. ਕੁਝ ਅੰਸ਼ ਤਕ ਉਸ ਵਿਅਕਤੀ ਦੀ ਅਸਲੀ ਜਾਂ ਕਥਿਤ ਸੁਰੱਖਿਅਤ ਸਥਿਤੀ ਦੁਆਰਾ ਪ੍ਰੇਰਿਤ ਹੁੰਦੀ ਹੈ – ਉਦਾਹਰਨ ਲਈ, ਨਸਲ, ਧਰਮ, ਰੰਗ, ਰਾਸ਼ਟਰੀ ਮੂਲ, ਲਿੰਗਕ ਰੁਝਾਨ, ਉਮਰ, ਅਪੰਗਤਾ ਜਾਂ ਇਮੀਗ੍ਰੇਸ਼ਨ ਸਥਿਤੀ।

## ਪੱਖਪਾਤ ਦੇ ਆਧਾਰ ਤੇ ਪਰੇਸ਼ਾਨ ਕਰਨ ਦੀ ਪਛਾਣ ਕਰਨ ਵਿੱਚ ਮਦਦ ਕਰਨ ਲਈ ਦ੍ਰਿਸ਼:

ਕਾਲਜ ਕੈਫੇਟੇਰੀਆ ਵਿੱਚ, ਕਾਲਜ ਦੇ ਵਿਦਿਆਰਥੀਆਂ ਦਾ ਗਰੁੱਪ ਲੈਟਿਨ ਵਿਦਿਆਰਥੀਆਂ ਦੁਆਲੇ ਇਕੱਠਾ ਹੋ ਜਾਂਦਾ ਹੈ, "ਦੀਵਾਰ ਬਣਾਓ" ਨੂੰ ਗਾਉਂਦੇ ਹੋਏ, ਉਨ੍ਹਾਂ ਨੂੰ ਕਹਿੰਦੇ ਹੋਏ ਕਿ ਉਨ੍ਹਾਂ ਨੂੰ ਜਲਦੀ ਹੀ ਨਿਕਾਲ ਦਿੱਤਾ ਜਾਵੇਗਾ।

ਬੱਸ ਤੇ, ਇੱਕ ਯਾਤਰੀ ਇੱਕ ਹਿਜਾਬ ਪਾਈ ਔਰਤ ਦੇ ਸਾਮ੍ਹਣੇ ਖੜ੍ਹਾ ਹੁੰਦਾ ਹੈ, ਉਸ ਤੇ ਚੀਕਦਾ ਹੈ ਅਤੇ ਉਸ ਨੂੰ ਕਹਿੰਦਾ ਹੈ ਕਿ ਉਸ ਨੂੰ ਇਹ ਉਤਾਰਨਾ ਪਵੇਗਾ ਨਹੀਂ ਤਾਂ ਬੱਸ ਤੋਂ ਉਤਰਨਾ ਪਵੇਗਾ। ਉਹ ਉਸ ਨੂੰ ਨਜ਼ਰਅੰਦਾਜ਼ ਕਰਨ ਲਈ ਪਰ੍ਹਾਂ ਹੋ ਜਾਂਦੀ ਹੈ, ਪਰ ਉਹ ਉਦੋਂ ਤਕ ਨਹੀਂ ਰੁੱਕਦਾ ਜਦੋਂ ਤਕ ਅਖੀਰ ਵਿੱਚ, ਅਗਲੇ ਸਟਾਪ ਤੇ, ਉਹ ਬੱਸ ਤੋਂ ਉਤਰ ਨਹੀਂ ਜਾਂਦੀ।

ਇੱਕ ਏਸ਼ੀਅਨ ਅਮਰੀਕਨ ਨੂੰ ਉਤੇਜਿਤ ਕੀਤਾ ਜਾਂਦਾ ਹੈ ਅਤੇ ਹਮਲਾ ਕਰਨ ਵਾਲੇ ਚੀਕਦੇ ਹਨ, "ਵਾਪਸ ਚੀਨ ਜਾਓ!" ਜਿਵੇਂ ਉਹ ਭੱਜਦੇ ਹਨ।

ਗਵੇਨ, ਜੋ ਕਾਲੀ ਹੈ, ਸੋਸ਼ਲ ਮੀਡੀਆ ਤੇ ਸਕ੍ਰਿਯ ਹੈ, ਅਕਸਰ ਆਪਣੇ ਬਾਗ ਵਿੱਚ ਕੰਮ ਕਰਦੀ ਦੀਆਂ ਆਪਣੀਆਂ ਤਸਵੀਰਾਂ ਸ਼ੇਅਰ ਕਰਦੀ ਹੈ। ਇੱਕ ਦਿਨ, ਇੱਕ ਸਫੈਦ ਮਰਦ ਉਪਭੋਗਤਾ ਉਸ ਦੀ ਇੱਕ ਪੋਸਟ ਤੇ ਇਹ ਕਹਿੰਦੇ ਹੋਏ ਟਿੱਪਣੀ ਕਰਦਾ ਹੈ 'ਤੂੰ ਇਹੋ ਕੰਮ ਜਲਦੀ ਹੀ ਮੇਰੇ ਵਿਹੜੇ ਵਿੱਚ ਕਰ ਰਹੀ ਹੋਵੇਂਗੀ'। ਬਾਅਦ ਵਿੱਚ ਉਹ ਉਸ ਦੀ ਇੱਕ ਪੋਸਟ ਦੇ ਜਵਾਬ ਵਿੱਚ "KKK" ਲਿਖਦਾ ਹੈ।

ਮੋਰੇਲ, ਜੋ ਇੱਕ ਟ੍ਰਾਂਸ ਔਰਤ ਹੈ, ਔਰਤਾਂ ਦੇ ਇੱਕ ਸੰਪੰਨ ਕਪੜਿਆਂ ਦੇ ਸਟੋਰ ਵਿੱਚ ਜਾਣ ਦੀ ਕੋਸ਼ਿਸ਼ ਕਰਦੀ ਹੈ, ਪਰ ਇੱਕ ਕੋਲੋਂ ਲੰਘਣ ਵਾਲਾ ਉਸ ਦੇ ਰਾਹ ਵਿੱਚ ਆ ਜਾਂਦਾ ਹੈ ਅਤੇ ਕਹਿੰਦਾ ਹੈ, "ਤੂੰ ਇੱਥੇ ਸ਼ਾਪਿੰਗ ਨਹੀਂ ਕਰ ਸਕਦੀ"। ਜਦੋਂ ਉਸ ਨੇ ਕਦਮ ਰੱਖਣ ਦੀ ਕੋਸ਼ਿਸ਼ ਕੀਤੀ ਤਾਂ ਔਰਤ ਨੇ ਕਿਹਾ, "ਨੀਰਸ ਰਾਣੀਆਂ ਨੂੰ ਇਜਾਜ਼ਤ ਨਹੀਂ ਹੈ" ਅਤੇ ਉਦੋਂ ਤਕ ਉਸ ਦਾ ਰਾਸਤਾ ਰੋਕੀ ਰੱਖਿਆ ਜਦੋਂ ਤਕ ਮੋਰੇਲ ਔਰਤ ਦੇ ਬਹੁਤ ਉੱਚੀ ਬੋਲਣ ਤੋਂ ਪਹਿਲਾਂ ਤੇਜ਼ੀ ਨਾਲ ਅੱਗੇ ਨਹੀਂ ਵੱਧ ਗਈ।



## ਹਿਊਮਨ ਰਾਈਟਸ ਤੇ ਐਨਵਾਈਸੀ ਕਮਿਸ਼ਨ ਵਿਖੇ ਤਰਫਦਾਰੀ ਪ੍ਰਤਿਕਿਰਿਆ ਟੀਮ

ਕਮਿਊਨਿਟੀ ਰਿਲੇਸ਼ਨਸ ਬਿਊਰੋ ਅਧੀਨ ਕਮਿਸ਼ਨ ਦੀ ਤਰਫਦਾਰੀ ਪ੍ਰਤਿਕਿਰਿਆ ਟੀਮ ਪੂਰੇ ਸ਼ਹਿਰ ਵਿੱਚ ਤਰਫਦਾਰੀ ਦੀਆਂ ਘਟਨਾਵਾਂ ਤੇ ਕਮਿਸ਼ਨ ਦੀ ਪ੍ਰਤਿਕਿਰਿਆ ਦੀ ਅਗਵਾਈ ਕਰਦੀ ਹੈ।

ਇਸ ਵਿੱਚ ਸ਼ਾਮਲ ਹੈ:

- ਘਟਨਾ(ਵਾਂ) ਸੰਬੰਧੀ ਜਾਣਕਾਰੀ ਇਕੱਤਰ ਕਰਨਾ ਅਤੇ ਪੁਸ਼ਟੀ ਕਰਨਾ।
- ਘਟਨਾ(ਵਾਂ) ਦੀ ਕਿਸਮ ਨੂੰ ਪਛਾਣਨਾ ਅਤੇ ਮੁਲਾਂਕਣ ਕਰਨਾ।
- ਪ੍ਰਤਿਕਿਰਿਆ ਕਰਨ ਲਈ ਸਟਾਫ ਨਿਯਤ ਕਰਨਾ।
- ਸੰਪਰਕ ਕਰਨ ਲਈ ਅਤੇ ਭਾਈਵਾਲ ਬਣਾਉਣ ਲਈ ਕਮਿਊਨਿਟੀ ਲੀਡਰਾਂ, ਸੰਸਥਾਵਾਂ, ਅਤੇ ਪਾਰਟੀਆਂ ਨੂੰ ਲੱਭਣਾ।
- ਕਮਿਊਨਿਟੀ ਲੀਡਰਾਂ ਅਤੇ ਹੋਰ ਸੰਬੰਧਿਤ ਪਾਰਟੀਆਂ ਨੂੰ ਸਾਧਨ ਪ੍ਰਦਾਨ ਕਰਨੇ ਅਤੇ ਫਾਲੋ-ਅੱਪ ਕਾਰਵਾਈਆਂ ਕਰਨੀਆਂ।
- ਸੰਭਾਵਿਤ ਜਾਂਚ ਅਤੇ ਪੈਰਵੀ ਲਈ ਕਨੂੰਨ ਲਾਗੂ ਕਰਨ ਵਾਲੇ ਬਿਊਰੋ ਨਾਲ ਕੋਆਰਡੀਨੇਟ ਕਰਨਾ।

ਤਰਫਦਾਰੀ ਪ੍ਰਤਿਕਿਰਿਆ ਟੀਮ ਇਸ ਖੇਤਰ ਵਿੱਚ ਸਹੀ ਆਊਟਰੀਚ ਗਤੀਵਿਧੀਆਂ ਅਤੇ ਵਿਦਿਅਕ ਸਮੱਗਰੀਆਂ ਨਾਲ ਕੋਆਰਡੀਨੇਟ ਕਰਦੀ ਹੈ। ਇਸ ਟੀਮ ਨਾਲ ਸੰਪਰਕ ਕਰਨ ਲਈ, ਕਿਰਪਾ ਕਰਕੇ ਇੱਥੇ ਈਮੇਲ ਕਰੋ:

biasresponse@cchr.nyc.gov